(19)

( ਨਗਰ ਕੌਂਸਲ/ਨਗਰ ਪੰਚਾਇਤ ਲਈ )

155
21/8/18

ਪੰਜਾਬ ਸਰਕਾਰ, ਵਿੱਤ ਵਿਭਾਗ,
(ਲੋਕਲ ਆਡਿਟ ਵਿੰਗ )

ਵੱਲੋਂ

ਪ੍ਰੀਖਕ,
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ,ਪੰਜਾਬ,
ਚੰਡੀਗੜ੍ਹ ।

ਨੰ: 5(387 )
ਮਿਤੀ :

ਵਿਸ਼ਾ: ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਬਰੀਵਾਲਾ ਜਿਲ੍ਹਾ ਸ੍ਰੀ-ਮੁਕਤਸਰ-ਸਾਹਿਬ-ਬਾਬਤ ਸਮਾਂ -4/17 ਤੋਂ 3/18।

***********

ਵਿਸ਼ੇ ਅਧੀਨ ਸੰਸਥਾ ਦੀ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਕਾਪੀ ਨੱਥੀ ਹੈ । ਇਸ ਵਿੱਚ ਦਰਜ ਹੇਠ ਲਿਖੇ ਇਤਰਾਜ ਗੰਭੀਰ ਕਿਸਮ ਦੇ ਹੋਣ ਕਾਰਨ ਆਪ ਜੀ ਦੇ ਵਿਸ਼ੇਸ਼ ਧਿਆਨ ਵਿੱਚ ਲਿਆਉਣ ਯੋਗ ਹਨ । ਇਹਨਾਂ ਪੈਰਿਆਂ ਵਿੱਚ ਦਰਸਾਈਆਂ ਗੰਭੀਰ ਉਕਾਈਆਂ ਅਤੇ ਬੇਕਾਇਦਗੀਆਂ ਸਬੰਧੀ ਤੁਰੰਤ ਕਾਰਵਾਈ ਦੀ ਲੋੜ ਹੈ ।ਇਹ ਵੀ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਢੁਕਵੀ ਕਾਰਵਾਈ ਨਾ ਕਰਨ ਕਰਕੇ ਪੈਡਿੰਗ ਆਡਿਟ ਇਤਰਾਜ਼ਾਂ ਵਿੱਚ ਵੱਡਾ ਵਾਧਾ ਹੋ ਰਿਹਾ ਹੈ । ਮਿਉਂਸਪਲ ਅਕਾਂਊਟ ਕੋਡ 1930 ਦੇ ਨਿਯਮ 17.17 (6) ਅਤੇ (7) ਦੀ ਪਾਲਣਾ ਕਰਦਿਆਂ ਪਿਛਲੀ ਆਡਿਟ ਰਿਪੋਰਟ ਨਗਰ ਸਾਹਮਣੇ ਪੇਸ਼ ਨਹੀ਼ ਕੀਤੀ ਗਈ ਹੈ ਅਤੇ ਨਾ ਹੀ ਉੱਤਰ ਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ ਜੋ ਉਪਰੋਕਤ ਨਿਯਮਾਂ ਦੇ ਪ੍ਰਤੀਕੂਲ ਹੈ । ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ਇਹਨਾਂ ਦੀ ਪਾਲਣਾ ਸਬੰਧੀ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ ।ਇਸ ਲਈ ਨਗਰ ਅਧਿਕਾਰੀਆਂ ਨੂੰ ਆਡਿਟ ਇਤਰਾਜਾਂ ਦੀ ਪਾਲਣਾ ਕਰਨ ਪ੍ਰਤੀ ਵਿਸੇਸ਼ ਧਿਆਨ ਦੇਣ ਬਾਰੇ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਜੀ ।

ੳ) ਗਬਨ/ਕੁਵਰਤੋਂ ਅਤੇ ਗੰਭੀਰ ਅਨਿਯਮਤਾਈਆਂ ਸਬੰਧੀ ਪੈਰੇ :-

| ਲੜੀ ਨੰ | ਵੇਰਵਾ | ਪੈਰਾ ਨੰ | ਰਕਮ ਰੁ |
|---|---|---|---|
| 1. | ਗਬਨ ਜਾਂ ਕੁਵਰਤੋ ਬਾਰੇ ਪੈਰੇ । | | |
| 2. | ਸਟਾਕ/ਸਟੋਰ ਵਿੱਚ ਪਾਈਆ ਤਰੁੱਟੀਆਂ । | | |
| 3. | ਘੱਟ ਵਸੂਲੀਆਂ ਬਾਰੇ ਪੈਰੇ । | | |

| | | | |
|---|---|---|---|
| 4. | ਅਨਿਯਮਤ /ਵਧੀਕ ਅਦਾਇਗੀਆਂ<br>(ੳ) ਅਨਿਯਮਤ ਅਦਾਇਗੀਆ<br>(ਅ) ਪ੍ਰੋਸ਼ੀਜਰਲ ਲੈਪਸ ਅਦਾਇਗੀਆ ।<br>(ੲ) ਟਾਲਣਯੋਗ ਅਦਾਇਗੀਆ ।<br>(ਸ) ਵਸੂਲਣਯੋਗ ਰਕਮਾਂ ਸਬੰਧੀ ਪੈਰੇ ।<br>(ਹ) ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਘੱਟ ਵਸੂਲੀਆਂ । | 3 | 201352 |
| 5. | ਫੁਟਕਲ ਗੰਭੀਰ ਉਕਾਈਆਂ ਦੇ ਪੈਰੇ । | | |
| 6. | ਲੇਖਿਆ ਤੇ ਰੱਖ ਰੱਖਾਵ ਦੀ ਸਥਿਤੀ । | | |

ਅ) ਰੀਕਾਰਡ ਜੋ ਪੜਤਾਲ ਦੌਰਾਨ ਪੇਸ਼ ਨਹੀਂ ਕੀਤਾ ਗਿਆ :-

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਾਫ਼ੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰਾ ਨੰਬਰ-----ਵਿੱਚ ਦਿੱਤਾ ਗਿਆ ਹੈ, ਆਡਿਟ ਦੌਰਾਨ ਪੇਸ਼ ਨਹੀ ਕੀਤਾ ਗਿਆ । ਰਿਕਾਰਡ ਦਾ ਪੇਸ਼ ਨਾ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾ ਦਾ ਸੰਕੇਤ ਦਿੰਦਾ ਹੈ । ਇਸ ਲਈ ਸਬੰਧਤ ਰਿਕਾਰਡ ਬਿਨ੍ਹਾਂ ਹੋਰ ਦੇਰੀ ਤੋ ਪੜਤਾਲ ਲਈ ਆਡਿਟ ਨੂੰ ਪੇਸ਼ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਸਕਣ ਜੀ।

ਸਹੀ/-
ਰਿਜਨਲ ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ ।

ਨੰਬਰ : 5( ~~385~~ 387) 6 ਮਿਤੀ : 5/07/18

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਰਿਪੋਰਟ ਦੀ ਨਕਲ ਸਹਿਤ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. /ਕਾਰਜ ਸਾਧਕ ਅਫਸਰ ਨਗਰ ਪੰਚਾਇਤ ਦੋਦਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਮਿਉਂਸਪਲ ਅਕਾਊਂਟ ਕੋਡ 1930 ਦੇ ਨਿਯਮ 17, 17(6) ਅਤੇ (7) ਅਧੀਨ ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉਤਰਮਾਲਾ ਤਿੰਨ ਮਹੀਨੇ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੀ ਜਾਵੇ ।
2. ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਫਿਰੋਜ਼ਪੁਰ ।
4. ਸਹਾਇਕ ਕੰਟਰੋਲਰ/ਸੈਕਸ਼ਨ ਅਫਸਰ (ਲੋਕਲ ਆਡਿਟ), ਨਗਰ ਕੌਂਸਲ/ ਨਗਰ ਪੰਚਾਇਤ ਸ੍ਰੀ ਮੁਕਤਸਰ ਸਾਹਿਬ ਮਾਰਫਤ ਆਰ ਡੀ ਡੀ (ਲੋ ਆ) ਫਿਰੋਜ਼ਪੁਰ
5. ਦਫਤਰੀ ਕਾਪੀ ।

ਸੈਕਸ਼ਨ ਅਫਸਰ
ਰਿਜਨਲ ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ ।